**ਵਿਸ਼ਾ - ਪੰਜਾਬੀ** **ਵਾਰਤਾਲਾਪ ਦੀ ਪ੍ਰਸੰਗ ਵਿਆਖਿਆ** **ਜਮਾਤ - ਦਸਵੀਂ**

# ਇੱਕ ਹੋਰ ਨਵਾਂ ਸਾਲ - ਨਾਵਲ

## 1. ਸਵੇਰ ਭਾਗ

**1. "ਭਲੀਏ ਲੋਕੇ, ਜਿਹੜੀ ਚਾਹ ਵੱਡੇ ਲੋਕ ਬਿਸਤਰਾ ਛੱਡਣ ਤੋਂ ਪਹਿਲਾਂ ਪੀਂਦੇ ਐ, ਉਹ ਹੁੰਦੀ ਐ, ਬੈੱਡ-ਟੀ। ਚੱਲ ਉੱਠ, ਪਿਆ ਦੇ ਅੱਜ ਸਾਨੂੰ ਵੀ ਬੈੱਡ-ਟੀ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚ ਦਰਜ ਹੈ। ਇਹ ਸ਼ਬਦ ਬੰਤੇ ਨੇ ਆਪਣੀ ਪਤਨੀ ਤਾਰੋ ਉਦੋਂ ਕਹੇ, ਜਦੋਂ ਉਹ ਬੈੱਡ-ਟੀ ਬਾਰੇ ਸੁਣ ਕੇ ਪੁੱਛਦੀ ਹੈ ਕਿ ਬੈੱਡ-ਟੀ ਕੀ ਹੁੰਦੀ ਹੈ।

**ਵਿਆਖਿਆ** - ਬੰਤਾ ਤਾਰੋ ਨੂੰ ਭਲੀਏ ਲੋਕ ਸ਼ਬਦਾਂ ਨਾਲ਼ ਸੰਬੋਧਨ ਕਰਕੇ ਦੱਸਦਾ ਹੈ ਕਿ ਵੱਡੇ ਭਾਵ ਅਮੀਰ ਲੋਕ ਜਿਹੜੀ ਚਾਹ ਸਵੇਰੇ ਬਿਸਤਰਾ ਛੱਡਣ ਤੋਂ ਪਹਿਲਾਂ ਪੀਂਦੇ ਹਨ, ਉਹ ਬੈੱਡ-ਟੀ ਹੁੰਦੀ ਹੈ। ਨਵੇਂ ਸਾਲ ਦਾ ਪਹਿਲਾ ਦਿਨ ਹੋਣ ਕਰਕੇ ਬੰਤਾ ਵੀ ਅੱਜ ਤਾਰੋ ਤੋਂ ਬੈੱਡ-ਟੀ ਪੀਣ ਦੀ ਮੰਗ ਕਰਦਾ ਹੈ।

**2. "ਕਿੱਥੇ ਰਾਜਾ ਭੋਜ, ਕਿੱਥੇ ਗੰਗੂ ਤੇਲੀ ...... ਅਸੀਂ ਤਾਂ ਉਹਨਾਂ ਦੇ ਪਾਸਕੂ ਵੀ ਨਹੀਂ ਮਿੰਦਰ ਦੀ ਝਾਈ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਉੱਤੇ ਸਵਾਰ ਪਤੀ ਆਪਣੀ ਪਤਨੀ ਨੂੰ ਉਸ ਸਮੇਂ ਕਹਿੰਦਾ ਹੈ, ਜਦੋਂ ਉਹ ਆਪਣੇ ਦੇਸ਼ ਦੀ ਅਮੀਰੀ ਦਾ ਮੁਕਾਬਲਾ ਅਮਰੀਕਾ ਨਾਲ਼ ਕਰਦੀ ਹੈ।

**ਵਿਆਖਿਆ** - ਪਤੀ ਆਪਣੀ ਪਤਨੀ ਨੂੰ ਆਪਣੇ ਪੁੱਤਰ ਮਿੰਦਰ ਦੀ ਮਾਂ ਸ਼ਬਦਾਂ ਨਾਲ਼ ਸੰਬੋਧਨ ਕਰਕੇ ਕਹਿੰਦਾ ਹੈ ਕਿ ਜਿਵੇਂ ਗੰਗੂ ਤੇਲੀ ਦਾ ਰਾਜੇ ਭੋਜ ਦੀ ਅਮੀਰੀ ਨਾਲ਼ ਕੋਈ ਮੁਕਾਬਲਾ ਨਹੀਂ, ਉਸ ਤਰ੍ਹਾਂ ਸਾਡੇ ਦੇਸ਼ ਦੀ ਅਮੀਰੀ ਦਾ ਅਮਰੀਕਾ ਨਾਲ਼ ਕੋਈ ਮੁਕਾਬਲਾ ਨਹੀਂ ਕਰ ਸਕਦਾ। ਸਾਡਾ ਮੁਲਕ ਅਮਰੀਕਾ ਦੇ ਮੁਕਾਬਲੇ ਅਮੀਰੀ ਵਿੱਚ ਬਹੁਤ ਪਿੱਛੇ ਹੈ।

**3. "ਆਪਾਂ ਵੀ ਆਪਣੀਆਂ ਦੋਂਹਾਂ ਕਾਕੀਆਂ ਨੂੰ ਓਨਾ ਹੀ ਪੜ੍ਹਾਉਣੈ ਜਿੰਨਾ ਕਿ ਫੁੰਮਣ ਨੂੰ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਨੇ ਆਪਣੇ ਰਿਕਸ਼ੇ ਵਿੱਚ ਬੈਠੇ ਪਤੀ-ਪਤਨੀ ਦੀਆਂ ਬੱਚਿਆਂ ਬਾਰੇ ਗੱਲਾਂ ਸੁਣ ਕੇ ਆਪਣੇ ਆਪ ਨੂੰ ਸੋਚਾਂ ਵਿੱਚ ਹੀ ਕਹੇ।

**ਵਿਆਖਿਆ** - ਬੰਤਾ ਆਪਣੇ ਆਪ ਨਾਲ਼ ਸੋਚ ਵਿਚਾਰ ਕਰਦਾ ਕਹਿੰਦਾ ਹੈ ਕਿ ਉਹ ਆਪਣੀਆਂ ਦੋਹਾਂ ਕੁੜੀਆਂ ਨੂੰ ਆਪਣੇ ਪੁੱਤਰ ਫੁੰਮਣ ਜਿੰਨਾ ਹੀ ਪੜ੍ਹਾਏਗਾ। ਭਾਵ ਬਹੁਤੇ ਲੋਕਾਂ ਵਾਂਗ ਆਪਣੀਆਂ ਕੁੜੀਆਂ ਨਾਲ਼ ਪੜ੍ਹਾਈ ਵਿੱਚ ਕੋਈ ਵਿਤਕਰਾ ਨਹੀਂ ਕਰੇਗਾ।

**4. "ਕਿਵੇਂ ਨਾ ਲੱਭੂ ........... ਪੜ੍ਹਨ ਦੇ ਹਾਲੇ ਗੁੱਡੀ ਨੂੰ ਦਿਲ ਲਾ ਕੇ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿਚ ਬੈਠਾ ਪਤੀ ਆਪਣੀ ਪਤਨੀ ਨੂੰ ਇਸ ਲਈ ਕਹਿੰਦਾ ਹੈ, ਕਿਉਂਕਿ ਉਸ ਦੀ ਪਤਨੀ ਆਪਣੀ ਧੀ ਸਵਰਨੀ ਲਈ ਆਏ ਪਿਪਲੀ ਨਿਵਾਸੀ ਕਾਲਜ ਪੜ੍ਹਦੇ ਮੁੰਡੇ ਦੇ ਰਿਸ਼ਤੇ ਨੂੰ ਰੋਕਣਾ ਚਾਹੁੰਦੀ ਹੈ।

**ਵਿਆਖਿਆ** - ਪਤੀ ਆਪਣੀ ਪਤਨੀ ਦੀ ਗੱਲ ਨੂੰ ਨਿਕਾਰਦਾ ਹੋਇਆ ਕਹਿੰਦਾ ਹੈ ਕਿ ਇਹ ਨਹੀਂ ਹੋ ਸਕਦਾ ਕਿ ਉਨ੍ਹਾਂ ਨੂੰ ਆਪਣੀ ਧੀ ਦੇ ਵਿਆਹ ਲਈ ਯੋਗ ਮੁੰਡਾ ਨਹੀਂ ਲੱਭੇਗਾ। ਉਹ ਆਪਣੀ ਧੀ ਨੂੰ ਪੜ੍ਹਾਈ ਪੂਰੀ ਕਰਨ ਲਈ ਸਮਾਂ ਦੇਣਾ ਚਾਹੁੰਦਾ ਹੈ।

**5. "ਇਨ੍ਹਾਂ ਛੂਛੜੀਆਂ ਨਾਲ਼ ਸਾਡਾ ਕੀ ਬਣਨਾ ਐ? ਪਿੰਡ ਚਲ ਕੇ ਪੀਆਂਗੇ ਬਾਟੇ ਵਿਚ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿੱਚ ਬੈਠੇ ਦੋ ਸਵਾਰਾਂ ਵਿੱਚੋਂ ਮੱਖਣ ਨੇ ਆਪਣੇ ਸਾਥੀ ਨੂੰ ਉਦੋਂ ਕਹੇ, ਜਦੋਂ ਉਹ ਉਸ ਨੂੰ ਵੇਲਣੇ ਤੋਂ ਰਸ ਪੀਣ ਲਈ ਕਹਿੰਦਾ ਹੈ।

**ਵਿਆਖਿਆ** - ਮੱਖਣ ਨੇ ਕਿਹਾ ਇਹ ਨਿੱਕੇ ਜਿਹੇ ਭਾਂਡੇ ਵਿਚ ਥੋੜ੍ਹਾ ਜਿਹਾ ਰਸ ਪੀਣ ਨਾਲ਼ ਉਨ੍ਹਾਂ ਨੂੰ ਕੋਈ ਵਾਧੂ ਸਵਾਦ ਨਹੀਂ ਆਉਣ ਵਾਲ਼ਾ, ਉਹ ਪਿੰਡ ਪਹੁੰਚ ਕੇ ਹੀ ਖੁੱਲ੍ਹੇ ਬਾਟੇ ਵਿਚ ਰਸ ਪੀਣਗੇ।

**6. "ਪਰ ਭੈਣ, ਵਿਆਹ ਤਾਂ ਹਾਲੀ ਸਾਲ ਦੋ ਸਾਲ ਠਹਿਰ ਕੇ ਈ ਕਰਨਾ ਏ, ਪੜ੍ਹਦੀ ਰਹਿਣ ਦੇ ਸੂ ਕਾਲਜੋਂ ਕਾਹਨੂੰ ਉਠਾਲਣਾ ਹੋਇਆ?"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿਚ ਸਵਾਰੀ ਕਰ ਰਹੀਆਂ ਦੋ ਔਰਤਾਂ ਵਿਚੋਂ ਵਿਚੋਲਣ ਦੀ ਭੂਮਿਕਾ ਨਿਭਾ ਰਹੀ ਲਾਜੋ ਨੇ ਮੁੰਡੇ ਦੀ ਮਾਂ ਨੂੰ ਇਸ ਲਈ ਕਹੇ, ਕਿਉਂਕਿ ਉਹ ਕੁੜੀ ਨੂੰ ਹੋਰ ਪੜ੍ਹਾਉਣਾ ਨਹੀਂ ਚਾਹੁੰਦੀ।

**ਵਿਆਖਿਆ** - ਲਾਜੋ ਮੁੰਡੇ ਦੀ ਮਾਂ ਨੂੰ ਕਹਿੰਦੀ ਹੈ ਕਿ ਉਹਨਾਂ ਵਿਆਹ ਤਾਂ ਦੋ ਸਾਲ ਠਹਿਰ ਕੇ ਹੀ ਕਰਨਾ ਹੈ, ਇਸ ਲਈ ਉਹ ਕੁੜੀ ਨੂੰ ਕਾਲਜ ਵਿੱਚੋਂ ਪੜ੍ਹਨੋਂ ਹਟਾਉਣ ਲਈ ਕਿਉਂ ਕਹਿ ਰਹੀ ਹੈ। ਉਸ ਦੇ ਕਹਿਣ ਮੁਤਾਬਕ ਲੜਕੀ ਨੂੰ ਹੋਰ ਪੜ੍ਹ ਲੈਣ ਦੇਣਾ ਚਹੀਦਾ ਹੈ।

**7. "ਲਾਜੋ, ਜੇ ਇਹ ਕੁੜੀ ਪਸਿੰਦ ਆ ਗਈ ਤਾਂ ਮੈਂ ਮੁੰਦਰੀ ਪਾ ਦੇਣੀ ਏਂ, ਉਹਨੂੰ ........।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿੱਚ ਰਿਸ਼ਤੇ ਦੇ ਸੰਬੰਧ ਵਿਚ ਕੁੜੀ ਵੇਖਣ ਲਈ ਗੁਰੂ ਬਜ਼ਾਰ ਜਾ ਰਹੀਆਂ ਦੋ ਔਰਤਾਂ ਵਿੱਚੋਂ ਮੁੰਡੇ ਦੀ ਮਾਂ ਵਿਚੋਲਣ ਦੀ ਭੂਮਿਕਾ ਨਿਭਾ ਰਹੀ ਲਾਜੋ ਨੂੰ ਕਹਿੰਦੀ ਹੈ।

**ਵਿਆਖਿਆ** - ਆਪਣੇ ਮੁੰਡੇ ਲਈ ਕੁੜੀ ਦੇਖਣ ਜਾ ਰਹੀ ਮੁੰਡੇ ਦੀ ਮਾਂ ਵਿਚੋਲਣ ਲਾਜੋ ਨੂੰ ਕਹਿੰਦੀ ਹੈ ਕਿ ਜੇਕਰ ਉਸ ਨੂੰ ਇਹ ਕੁੜੀ ਪਸੰਦ ਆ ਗਈ, ਤਾਂ ਉਹ ਕੁੜੀ ਨੂੰ ਮੁੰਦਰੀ ਪਾ ਕੇ ਉਸ ਨੂੰ ਆਪਣੇ ਮੁੰਡੇ ਲਈ ਰੋਕ ਲਵੇਗੀ।

**8. "ਇਹ ਵੀ ਕੋਈ ਨਕਸ ਏ? ਅੱਬਲ ਤਾਂ ਕਿਸੇ ਨੂੰ ਪਤਾ ਈ ਨਹੀਂ ਲੱਗਣਾ, ਨਹੀਂ ਤੇ ਉਹਨੂੰ ਕਵ੍ਹਾਂਗੇ, ਪਈ ਧੁੱਪ ਵਾਲ਼ੀ ਐਨਕ ਲਾ ਕੇ ਜਾਵੇ ........।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੇ ਰਿਕਸ਼ੇ ਵਿੱਚ ਬੈਠਕੇ ਰਿਸ਼ਤੇ ਲਈ ਕੁੜੀ ਵੇਖਣ ਜਾ ਰਹੀਆਂ ਔਰਤਾਂ ਵਿਚੋਂ ਵਿਚੋਲਣ ਲਾਜੋ ਨੇ ਮੁੰਡੇ ਦੀ ਮਾਂ ਨੂੰ ਉਸ ਸਮੇਂ ਕਹਿੰਦੀ ਹੈ, ਜਦੋਂ ਉਸ ਨੇ ਦੱਸਿਆ ਕਿ ਉਸ ਦੇ ਪੁੱਤਰ ਦੀ ਅੱਖ ਵਿਚ ਟੀਰ ਹੈ।

**ਵਿਆਖਿਆ** - ਵਿਚੋਲਣ ਲਾਜੋ ਰਿਸ਼ਤਾ ਸਿਰੇ ਚੜਾਉਣ ਲਈ ਮੁੰਡੇ ਦੀ ਮਾਂ ਨੂੰ ਕਹਿੰਦੀ ਹੈ ਕਿ ਅੱਖ ਵਿੱਚ ਟੀਰ ਹੋਣਾ ਕੋਈ ਵੱਡਾ ਨੁਕਸ ਨਹੀ। ਉਸ ਅਨੁਸਾਰ ਇਸ ਨੁਕਸ ਵੱਲ ਕੁੜੀ ਵਾਲਿਆਂ ਦਾ ਧਿਆਨ ਨਹੀਂ ਜਾਵੇਗਾ। ਇਸ ਨੁਕਸ ਨੂੰ ਛਪਾਉਣ ਲਈ ਉਹ ਮੁੰਡੇ ਦੀ ਮਾਂ ਨੂੰ ਮੁੰਡੇ ਦੇ ਧੁੱਪ ਵਾਲ਼ੀ ਐਨਕ ਲਾ ਕੇ ਕੁੜੀ ਵਾਲਿਆਂ ਦੇ ਸਾਹਮਣੇ ਲਿਆਉਣ ਲਈ ਕਹਿੰਦੀ ਹੈ।

**9. "ਪਰ ਪਤਾ ਨਹੀਂ ਕਈ ਬੰਦੇ ਗ਼ਰੀਬ ਦਾ ਹੱਕ ਕਿਉਂ ਮਾਰਦੇ ਐ? ਬਈ ਹੱਕ ਦੇ ਦਿਓ ਗ਼ਰੀਬ ਨੂੰ ਉਸ ਦਾ, ਫੇਰ ਕਾਹਦਾ ਰੇੜਕਾ?"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਜਦੋਂ ਬੰਤੇ ਦੇ ਰਿਕਸ਼ੇ ਵਿਚ ਬੈਠਕੇ ਸੀਤਲਾ ਮੰਦਰ ਜਾਣ ਵਾਲ਼ਾ ਭਲਵਾਨ ਬਿਨਾਂ ਪਹਿਲਾਂ ਪੈਸੇ ਮੁਕਾਏ ਅੱਠ ਆਨੇ ਵਾਜ਼ਬ ਕਰਾਇਆ ਦੇ ਦਿੰਦਾ ਹੈ, ਤਾਂ ਉਸ ਸਮੇਂ ਇਹ ਸ਼ਬਦ ਬੰਤਾ ਆਪਣੇ ਆਪ ਨੂੰ ਕਹਿੰਦਾ ਹੈ।

**ਵਿਆਖਿਆ** - ਜਦੋਂ ਭਲਵਾਨ ਬਿਨਾਂ ਮੰਗੇ ਬੰਤੇ ਨੂੰ ਵਾਜ਼ਬ ਕਰਾਇਆ ਦੇ ਦਿੰਦਾ, ਤਾਂ ਬੰਤਾ ਸੋਚਦਾ ਹੈ ਕਿ ਕਈ ਲੋਕ ਪਤਾ ਨਹੀਂ ਕਿਉਂ ਐਵੇਂ ਗ਼ਰੀਬ ਰਿਕਸ਼ੇ ਵਾਲ਼ੇ ਦਾ ਹੱਕ ਮਾਰ ਜਾਂਦੇ ਹਨ। ਜੇਕਰ ਸਾਰੇ ਲੋਕ ਭਲਵਾਨ ਦੀ ਤਰ੍ਹਾਂ ਹੀ ਰਿਕਸ਼ੇ ਵਾਲ਼ੇ ਦਾ ਹੱਕ ਦੇ ਦੇਣ ਫਿਰ ਸਾਰਾ ਲੜਾਈ ਝਗੜਾ ਹੀ ਮੁੱਕ ਜਾਵੇ।

**10. "ਹਣ ਜੇ ਕੁੱਝ ਨਾ ਕੁੱਝ ਲਿਆਉਂਦੀ ਆਂ ਤਾਂ ਵੀ ਤਾਂ ਗੁਜ਼ਾਰਾ ਨਹੀਂ ਹੁੰਦਾ, ਜੇ ਬਿਲਕੁਲ ਈ ਕੁੱਝ ਨਾ ਆਇਆ, ਤਾਂ ਡੱਟ ਕਿਵੇਂ ਲੰਘੇਗਾ?"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ। ਇਹ ਬੰਤੇ ਦੀਆਂ ਸੋਚਾਂ ਵਿੱਚ ਚੱਲ ਰਹੇ ਉਹ ਸ਼ਬਦ ਹਨ, ਜੋ ਉਸਨੂੰ ਤਾਰੋ ਉਸ ਸਮੇਂ ਕਹਿੰਦੀ ਹੈ, ਜਦੋਂ ਉਹ ਉਸਨੂੰ ਮਾਸਟਰ ਦੇ ਘਰ ਕੰਮ ਕਰਨ ਤੋਂ ਰੋਕਦਾ ਹੈ।

**ਵਿਆਖਿਆ** - ਬੰਤੇ ਦੇ ਸੋਚਣ ਅਨੁਸਾਰ ਤਾਰੋ ਉਸਨੂੰ ਕਹਿੰਦੀ ਹੈ ਕਿ ਉਹ ਮਾਸਟਰ ਦੇ ਘਰ ਕੰਮ ਕਰ ਕੇ ਥੋੜ੍ਹਾ ਬਹੁਤਾ ਕਮਾ ਕੇ ਲਿਆਉਂਦੀ ਹੈ, ਤਾਂ ਵੀ ਘਰ ਦਾ ਗੁਜ਼ਾਰਾ ਨਹੀਂ ਹੁੰਦਾ, ਜੇਕਰ ਉਸਨੇ ਬੰਤੇ ਦੀ ਗੱਲ ਮੰਨ ਕੇ ਕੰਮ 'ਤੇ ਜਾਣਾ ਛੱਡ ਦਿੱਤਾ, ਤਾਂ ਫਿਰ ਘਰ ਦਾ ਗੁਜ਼ਾਰਾ ਚੱਲਣਾ ਮੁਸ਼ਕਲ ਹੋ ਜਾਵੇਗਾ।